# ਅਰੋਗੀ ਦੰਦ

## ਇਲਾਜ, ਨਵੀਆਂ ਖੋਜਾਂ ਅਤੇ ਅਧੁਨਿਕ ਤਰੀਕੇ

ਸਾਡੇ ਮੁਲਕ ਵਿੱਚ 90-95% ਲੋਕਾਂ ਦੇ ਦੰਦ ਕਿਸੇ ਨਾ ਕਿਸੇ ਬਿਮਾਰੀ ਦੇ ਸ਼ਿਕਾਰ ਹੁੰਦੇ ਹਨ। ਅੱਧੇ ਤੋਂ ਜ਼ਿਆਦਾ ਬੱਚਿਆਂ ਦੇ ਦੰਦਾਂ ਨੂੰ 16 ਸਾਲ ਦੀ ਉਮਰ ਤੋਂ ਪਹਿਲਾਂ ਹੀ ਕੋਈ ਨਾ ਕੋਈ ਦੰਦਾਂ ਦਾ ਰੋਗ ਲੱਗ ਜਾਂਦਾ ਹੈ। ਪਰ ਸਾਨੂੰ ਇਸ ਗੰਭੀਰ ਸਥਿਤੀ ਬਾਰੇ ਅਕਸਰ ਜਾਣਕਾਰੀ ਨਹੀਂ ਹੁੰਦੀ।

ਸੁੰਦਰ ਦੰਦਾਂ ਵਾਲਾ ਵਿਅਕਤੀ ਆਤਮ ਵਿਸ਼ਵਾਸ਼ ਨਾਲ ਭਰਪੂਰ ਹੁੰਦਾ ਹੈ। ਸਮਾਜ ਵਿੱਚ ਉਸਨੂੰ ਉਚੀ ਥਾਂ ਮਿਲਦੀ ਹੈ। ਮਿੱਤਰ ਅਤੇ ਰਿਸ਼ਤੇਦਾਰ ਉਸ ਪਾਸ ਬੈਠ ਕੇ ਖੁਸ਼ ਹੁੰਦੇ ਹਨ ਅਤੇ ਉਸਦੀ ਨਿਜੀ ਜ਼ਿੰਦਗੀ ਜ਼ਿਆਦਾ ਪਿਆਰ ਭਰੀ ਹੁੰਦੀ ਹੈ। ਕਿਤਨੇ ਹੀ ਰਿਸ਼ਤੇ ਨਹੀਂ ਹੋ ਸਕਦੇ, ਜਾਂ ਫਿਰ ਹੋ ਕੇ ਟੁੱਟ ਜਾਂਦੇ ਹਨ ਕਿਉਂਕਿ ਕੁੜੀ ਜਾਂ ਮੁੰਡੇ ਦੇ ਦੰਦ ਉਚੇ, ਬੇਤਰਤੀਬ, ਜਾਂ ਰੋਗੀ ਹੁੰਦੇ ਹਨ ਜਾਂ ਫਿਰ ਮਸੂੜਿਆਂ ਵਿਚ ਪੀਕ ਹੁੰਦੀ ਹੈ। ਵੱਡਿਆਂ ਵਿੱਚ ਦੰਦਾਂ ਦੀਆਂ ਆਮ ਬੀਮਾਰਿਆਂ ਇਸ ਪ੍ਰਕਾਰ ਹਨ :

1. ਦੰਦਾਂ ਨੂੰ "ਕੀੜਾ" ਲੱਗਣਾ
2. ਦੰਦਾਂ ਦਾ ਉਚਾ ਨੀਵਾਂ ਹੋਣਾ
3. ਮਸੂੜਿਆਂ ਵਿਚੋਂ ਖੂਨ ਨਿਕਲਣਾ
4. ਮੂੰਹ ਵਿੱਚੋਂ ਬਦਬੂ ਆਉਣੀ
5. ਦੰਦਾਂ ਦਾ ਕਰੇੜਾ
6. ਦੰਦਾਂ ਦਾ ਭੁਰ ਜਾਣਾ
7. ਦੰਦਾਂ ਨੂੰ ਠੰਡਾ ਜਾਂ ਗਰਮ ਲੱਗਣਾ
8. ਦੰਦਾਂ ਉਤੇ ਪੀਲੇ, ਕਾਲੇ ਜਾਂ ਚਿੱਟੇ ਦਾਗ਼ ਪੈ ਜਾਣੇ
9. ਦੰਦਾਂ ਵਿੱਚ ਵਿਰਲ ਪੈ ਜਾਣੀ
10. ਐਕਸੀਡੈਂਟ ਨਾਲ ਦੰਦਾਂ ਦਾ ਨਿਕਲ ਜਾਣਾ
11. ਦੰਦਾਂ ਦਾ ਉਮਰ ਤੋਂ ਪਹਿਲਾਂ ਹੀ ਘਿਸ ਜਾਣਾ
12. ਦੰਦਾਂ ਦਾ ਕਰੀਚਣਾ

ਇੰਨ੍ਹਾਂ ਵਿਚੋਂ ਕਈ ਬੀਮਾਰਿਆਂ ਨਾਲ ਸਿਰ ਦਰਦ, ਕੰਨ ਦਰਦ, ਜੋੜਾਂ ਦਾ ਦਰਦ, ਪੇਟ ਦਾ ਖਰਾਬ ਰਹਿਣਾ, ਖਾਣਾ ਬੇਸੁਆਦਾ ਲੱਗਣਾ, ਦਿਲ ਦੇ ਰੋਗਾਂ ਵਿੱਚ ਵਾਧਾ ਅਤੇ ਇਥੋਂ ਤਕ ਕਿ ਮੂੰਹ ਦੇ ਕੈਂਸਰ ਦਾ ਖਤਰਾ ਵੀ ਰਹਿੰਦਾ ਹੈ।

ਬੱਚਿਆਂ ਵਿੱਚ ਦੰਦਾਂ ਦੀਆਂ ਆਮ ਬਿਮਾਰੀਆਂ ਇਸ ਪ੍ਰਕਾਰ ਹਨ :

1. ਦੰਦਾਂ ਦਾ ਖੋਰਾ
2. ਜ਼ਿਆਦਾ ਉਮਰ ਤੱਕ ਅੰਗੂਠਾ ਚੂਸਦੇ ਰਹਿਣਾ
3. ਦੰਦਾਂ ਦੀ ਬੀੜ ਉਚੀ ਹੋਣੀ
4. ਤਾਲੂ ਜਾਂ ਬੁੱਲਾਂ ਦਾ ਜਮਾਂਦਰੂ ਕੱਟਿਆ ਹੋਣਾ

ਇਨ੍ਹਾਂ ਬਿਮਾਰੀਆਂ ਤੋਂ ਬਚਣ ਲਈ ਚੰਗੀ ਖੁਰਾਕ, ਦੰਦਾਂ ਦੀ ਸਫਾਈ ਅਤੇ ਦੇਖਭਾਲ ਕਾਫੀ ਨਹੀਂ ਹਨ। ਜੇਕਰ ਕੋਈ ਬਿਮਾਰੀ ਨਾ ਵੀ ਨਜਰ ਆਵੇ ਤਾਂ ਵੀ ਦੰਦਾਂ ਦੇ ਡਾਕਟਰ ਦੀ ਰਾਇ ਲੈਂਦੇ ਰਹਿਣਾ ਚਾਹੀਦਾ ਹੈ।

## ਨਕਲੀ ਦੰਦ ਲਗਾਉਣ ਉਤੇ ਨਵੀਂ ਖੋਜ

ਦੰਦਾਂ ਦੀ ਬੀੜ ਲਗਾਉਣ ਤੋਂ ਬਾਦ ਕਈ ਇਕ ਤਕਲੀਫਾਂ ਆਂਦੀਆਂ ਹਨ। ਇਹ ਅਕਸਰ ਕੁਝ ਸਮੇਂ ਬਾਦ ਆਪ ਹੀ ਠੀਕ ਹੋ ਜਾਂਦੀਆਂ ਹਨ। ਪਰ ਕੁਝ ਹਾਲਤਾਂ ਵਿੱਚ ਇਹ ਤਕਲੀਫਾਂ ਕਾਫੀ ਦੇਰ ਤੱਕ ਮਰੀਜ਼ ਨੂੰ ਪਰੇਸ਼ਾਨ ਕਰਦੀਆਂ ਹਨ। ਦੰਦ ਢਿੱਲੇ ਪੈ ਜਾਂਦੇ ਹਨ, ਮੂੰਹ ਵਿੱਚ ਛਾਲੇ ਪੈਂਦੇ ਰਹਿੰਦੇ ਹਨ, ਰੋਟੀ ਠੀਕ ਤਰ੍ਹਾਂ ਨਾਲ ਨਹੀਂ ਚਬਾਈ ਜਾ ਸਕਦੀ, ਦੰਦ ਲਾਣ ਨਾਲ ਜੀ ਮਚਲਾਉਣ ਲੱਗ ਪੈਂਦਾ ਹੈ। ਇਨ੍ਹਾਂ ਸਾਰੀਆਂ ਹਾਲਤਾਂ ਵਿੱਚ ਵਿਸ਼ੇਸ਼ਗੀ ਡਾਕਟਰ ਪ੍ਰਾਸਥੋਡੌਂਟਿਸਟ (Prosthodontist) ਦੀ ਮਦਦ ਲੈਣੀ ਚਾਹੀਦੀ ਹੈ। ਸਪੈਸ਼ਲਿਸਟ ਡਾਕਟਰ ਕੋਲ ਕਈ ਨਵੀਨ ਤਰੀਕੇ ਅਤੇ ਮਸਾਲੇ ਹੁੰਦੇ ਹਨ ਜੋ ਕਿ ਮਰੀਜ਼ ਦੇ ਮੂੰਹ ਦੇ ਮਾਸ ਦੇ ਹਿਸਾਬ ਨਾਲ ਵਰਤੇ ਜਾਂਦੇ ਹਨ। ਇਥੋਂ ਤਕ ਕਿ ਰਬੜ ਵਰਗੇ ਨਰਮ ਪਲਾਸਟਿਕ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ।

ਤੁਹਾਡੇ ਆਪਣੇ ਕੁਦਰਤੀ ਦੰਦ ਕਿਤਨੇ ਵੀ ਖਰਾਬ ਕਿਉਂ ਨਾ ਹੋਣ, ਉਹਨਾਂ ਨੂੰ ਠੀਕ ਕਰਵਾਉਣਾ ਚਾਹੀਦਾ ਹੈ। ਪਰ ਜੇਕਰ ਉਹ ਬਹੁਤ ਹਿਲਦੇ ਹੋਣ ਤਾਂ ਉਹਨਾਂ ਨੂੰ ਬਚਾਉਣਾ ਮੁਸ਼ਕਲ ਹੋ ਜਾਂਦਾ ਹੈ। ਪਰ ਕਿਸੇ ਵੀ ਪੱਕੇ ਦੰਦ ਨੂੰ ਕੱਢਵਾ ਕੇ ਸਾਰੀ ਦੀ ਸਾਰੀ ਬੀੜ ਲਗਵਾਉਣੀ ਬਹੁਤ ਗਲਤ ਗੱਲ ਹੈ। ਕੁਦਰਤੀ ਦੰਦ ਚਾਹੇ ਇੱਕ ਹੀ ਹੋਵੇ ਉਸਨੂੰ ਬਚਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

## ਬੁਨਿਆਦ ਵਿਧੀ (Implants)


ਆਮ ਤਰੀਕੇ ਨਾਲ ਲਗਾਏ ਦੰਦਾਂ ਤੋਂ ਉਤਪੰਨ ਪਰੇਸ਼ਾਨੀਆਂ ਦਾ ਇਲਾਜ ਹੈ ਇੰਪਲਾਂਟ (Implant) ਵਿਧੀ ਨਾਲ ਲਗਾਏ ਦੰਦ। ਇੰਪਲਾਂਟ ਦੰਦਾਂ ਦੀ ਜੜ੍ਹ ਦੀ ਥਾਂ ਜਬਾੜੇ ਦੀ ਹੱਡੀ ਵਿੱਚ ਲਗਾਇਆ ਜਾਂਦਾ ਹੈ। ਇਸ ਤਰਾਂ ਲਗਾਇਆ ਦੰਦ ਅਕਸਰ ਕੁਦਰਤੀ ਦੰਦਾਂ ਤੋਂ ਵੀ ਜਿਆਦਾ ਮਜਬੂਤ ਹੁੰਦਾ ਹੈ।

ਅੱਜ ਕੱਲ੍ਹ ਇਹ ਵਿਧੀ ਬਹੁਤ ਪ੍ਰਚਲਤ ਹੋ ਰਹੀ ਹੈ ਅਤੇ ਬਹੁਤ ਕਾਮਯਾਬ ਵੀ ਹੈ। ਭਾਂਤ-ਭਾਂਤ ਕਿਸਮ ਦੇ ਇੰਪਲਾਂਟ ਕੰਮਪਿਊਟਰ ਨਾਲ ਬਣਾਏ ਜਾਂਦੇ ਹਨ। ਇਨ੍ਹਾਂ ਦੇ ਡਿਜ਼ਾਇਨ ਬਹੁਤ ਹੀ ਜਟਲ ਹੁੰਦੇ ਹਨ। ਇਨ੍ਹਾਂ ਨੂੰ ਖਾਸ ਕਿਸਮ ਦੀਆਂ ਧਾਤਾਂ ਨਾਲ ਬਣਾਇਆ ਜਾਂਦਾ ਹੈ।

ਜਬਾੜੇ ਦੀ ਹੱਡੀ ਵਿੱਚ ਛੋਟੇ-ਛੋਟੇ ਛੇਕ ਬਣਾ ਕੇ ਇੰਮਪਲਾਂਟਾ ਨੂੰ ਫਿੱਟ ਕਰ ਦਿੱਤਾ ਜਾਂਦਾ ਹੈ। ਜਦੋਂ ਹੱਡੀ ਇੰਮਪਲਾਂਟਾ ਨੂੰ ਅੰਗੀਕਰਣ ਕਰ ਲਵੇ ਤਾਂ ਉਹ ਸਰੀਰ ਦਾ ਇੱਕ ਹਿੱਸਾ ਬਣ ਜਾਂਦੇ ਹਨ। ਫਿਰ ਇਹਨਾਂ ਉੱਪਰ ਦੰਦ ਲਗਾ ਦਿੱਤੇ ਜਾਂਦੇ ਹਨ। ਇਹ ਵਿਧੀ ਮਰੀਜ਼ ਲਈ ਆਸਾਨ ਅਤੇ ਦਰਦ ਰਹਿਤ ਹੈ।



ਜਬਾੜੇ ਦੀ ਹੱਡੀ ਵਿੱਚ ਲਗਾਏ ਇੰਪਲਾਂਟੱਸ



ਇੰਪਲਾਂਟੱਸ ਤੇ ਲੱਗੇ ਦੰਦ





ਇੰਪਲਾਂਟੱਸ ਵਿਧੀ ਨਾਲ ਲਗਾਏ ਦੰਦਾਂ ਦਾ ਗਿਰਨ ਦਾ ਕੋਈ ਡਰ ਨਹੀਂ ਰਹਿੰਦਾ

ਇੰਪਲਾਂਟ ਸਾਰੀ ਬੀੜ ਜਾਂ ਫਿਰ ਇੱਕਾ ਦੁੱਕਾ ਫਿਕੱਸ ਦੰਦ ਲਗਾਉਣ ਲਈ ਵਰਤਿਆ ਜਾਂਦਾ ਹੈ। **ਕੁਝ ਕਿਸਮ ਦੇ ਇੰਪਲਾਂਟ ਸਿਰਫ ਦੋ ਘੰਟਿਆਂ ਵਿੱਚ ਹੀ ਫਿੱਟ ਕਰਕੇ ਉਹਨਾਂ ਤੇ ਫਿਕੱਸ ਦੰਦ ਲਗਾ ਦਿੱਤੇ ਜਾਂਦੇ ਹੈ।**

## ਫਿਕੱਸ ਦੰਦਾਂ ਲਈ ਪੁੱਲ ਵਿਧੀ (Dental Bridge)

ਜੇਕਰ ਇੱਕਾ ਦੁੱਕਾ ਦੰਦ ਨਿਕਲਿਆ ਹੋਵੇ ਤਾਂ "ਪੁਲ" (Bridge) ਵਿਧੀ ਨਾਲ ਵੀ ਉਸਨੂੰ ਲਗਾਇਆ ਜਾ ਸਕਦਾ ਹੈ। ਇਸ ਵਿੱਚ ਨਾਲ ਦੇ ਦੰਦਾਂ ਤੇ ਭਾਰ ਪਾ ਕੇ ਵਿਚਲੇ ਦੰਦ ਬਣਾ ਲਏ ਜਾਂਦੇ ਹਨ। ਪਹਿਲਾਂ ਖਾਸ ਕਿਸਮ ਦੀਆਂ ਡ੍ਰਿਲਾਂ ਨਾਲ ਆਸ ਪਾਸ ਦੇ ਦੰਦਾਂ

ਨੂੰ ਘਿਸਾਇਆ ਜਾਂਦਾ ਹੈ । ਹਰ ਦੰਦ ਲਈ ਉਸਦੇ ਮੇਚ ਦੀ ਇਕ ਖਾਸ ਧਾਤੂ ਦੀ ਢਲਾਈ ਕੀਤੀ ਜਾਂਦੀ ਹੈ। ਫਿਰ ਇਸਦੇ ਬਾਹਰੂੰ ਦਿਖਾਈ ਦੇਣ ਵਾਲੇ ਪਾਸੇ ਨੂੰ ਮਸਾਲੇ ਨਾਲ ਦੰਦਾਂ ਦਾ ਰੂਪ ਦਿੱਤਾ ਜਾਂਦਾ ਹੈ । ਇਤਨੀ ਸਫਾਈ ਨਾਲ ਕੰਮ ਕੀਤਾ ਜਾਂਦਾ ਹੈ ਕਿ ਪਤਾ ਹੀ ਨਹੀਂ ਲਗਦਾ ਕਿ ਦੰਦ ਅਸਲੀ ਹਨ ਜਾਂ ਨਕਲੀ ।

ਇਲਾਜ ਤੋਂ ਪਹਿਲਾਂ



ਇਲਾਜ ਤੋਂ ਬਾਦ



ਆਸ ਪਾਸ ਦੇ ਦੰਦਾਂ ਨੂੰ ਬ੍ਰਿਜ ਵਾਸਤੇ ਤਿਆਰ ਕੀਤਾ ਜਾਂਦਾ ਹੈ । ਬਾਦ ਵਿੱਚ ਇਹਨਾਂ ਤੇ ਬ੍ਰਿਜ ਰੱਖਕੇ ਉਹਨਾਂ ਨੂੰ ਫਿਕੱਸ ਕਰ ਦਿੱਤਾ ਜਾਂਦਾ ਹੈ

## ਕ੍ਰਾਊਨ ਜਾਂ ਕੈਪ (Crown or Cap)

ਇਹ ਇਕ ਕਿਸਮ ਦੀ ਟੋਪੀ ਹੁੰਦੀ ਹੈ ਅਤੇ ਉਦੋਂ ਦਿੱਤੀ ਜਾਂਦੀ ਹੈ ਜਦੋਂ ਦੰਦ ਬਹੁਤ ਸਾਰਾ ਭੁਰ ਗਿਆ ਹੋਵੇ ਜਾਂ ਟੁੱਟ ਗਿਆ ਹੋਵੇ । ਇਹ ਪੋਰਸਿਲੀਨ ਸਿਰੈਮਿਕ (ਚੀਨੀ) ਜਾਂ ਫਿਰ ਮਸਾਲੇ ਨਾਲ ਬਣਾਈ ਜਾਂਦੀ ਹੈ । ਪੋਰਸਿਲੀਨ ਦਾ ਦੰਦ ਸੁਹਣਾ ਅਤੇ ਚੰਗਾ ਚੱਲਣ ਵਾਲਾ ਹੁੰਦਾ ਹੈ । ਇਸ ਉਤੇ ਦਾਗ਼ ਵੀ ਨਹੀਂ ਪੈਂਦੇ ।





ਹੱਡੀ ਦੇ ਵਿੱਚ ਫਿਕੱਸ ਕੀਤਾ ਗਿਆ ਇੰਪਲਾਂਟ ਅਤੇ ਉਸਦੇ ਉੱਤੇ ਫਿਕੱਸ ਦੰਦ

## ਹਾਦਸੇ ਵਿੱਚ ਗਿਰੇ ਦੰਦ

ਕਈ ਵਾਰ ਹਾਦਸੇ ਕਾਰਨ ਦੰਦ ਨਿਕਲ ਕੇ ਬਾਹਰ ਗਿਰ ਜਾਂਦੇ ਹਨ । ਸਾਈਕਲ, ਸਕੂਟਰ ਜਾਂ ਕਾਰ ਦਾ ਐਕਸੀਡੈਂਟ ਜਾਂ ਬੱਚਿਆਂ ਦਾ ਲੜਾਈ-ਝਗੜਾ ਅਤੇ ਖੇਡ, ਜਾਂ ਪੌੜੀ ਤੋਂ ਗਿਰਨ ਨਾਲ ਦੰਦ ਬਾਹਰ ਆ ਸਕਦੇ ਹਨ । ਅਜਿਹੇ ਬਾਹਰ ਨਿਕਲੇ ਦੰਦਾਂ ਨੂੰ ਵਾਪਿਸ





ਹਾਦਸੇ ਵਿੱਚ ਗਿਰੇ ਦੰਦ ਨੂੰ ਉਸਦੀ ਥਾਂ ਤੇ ਉਸਨੂੰ ਹੀ ਫਿਕੱਸ ਕੀਤਾ ਜਾਂਦਾ ਹੈ

ਪਾਇਆ ਜਾ ਸਕਦਾ ਹੈ। ਜੇਕਰ ਤਿੰਨ ਘੰਟਿਆਂ ਦੇ ਵਿੱਚ ਤੁਸੀਂ ਡਾਕਟਰ ਨੂੰ ਮਿਲ ਲਵੋ ਤਾਂ ਪੂਰੀ-ਪੂਰੀ ਕਾਮਯਾਬੀ ਦੀ ਉਮੀਦ ਰੱਖੀ ਜਾ ਸਕਦੀ ਹੈ, ਪਰ ਸਮਾਂ ਬੀਤਣ ਨਾਲ ਦੰਦਾਂ ਨੂੰ ਫਿਰ ਵਾਪਸ ਲਗਾਣਾ ਮੁਸ਼ਕਲ ਹੁੰਦਾ ਜਾਂਦਾ ਹੈ। ਕੋਸ਼ਿਸ਼ ਕਰੋ ਕਿ ਦੰਦਾਂ ਦੀਆਂ ਜਾੜ੍ਹਾਂ ਨੂੰ ਹੱਥ ਨਾ ਲਗਾਇਆ ਜਾਏ। ਉਨ੍ਹਾਂ ਨੂੰ ਦੁੱਧ ਵਿੱਚ ਜਾਂ ਫਿਰ ਗਿੱਲੇ ਸਾਫ ਕੱਪੜੇ ਵਿੱਚ ਰੱਖ ਕੇ ਡਾਕਟਰ ਪਾਸ ਛੇਤੀ ਤੋਂ ਛੇਤੀ ਪੁਜਾਇਆ ਜਾਵੇ। ਇਹ ਵਰਨਣਯੋਗ ਹੈ ਕਿ ਲੇਖਿਕਾ ਨੇ ਅਕਸਰ ਕੂੜੇ ਵਿੱਚ ਲਿਬੜੇ ਦੰਦ ਕਈ ਘੰਟੇ ਬੀਤਣ ਦੇ ਬਾਦ ਵੀ ਇਸ ਤਰ੍ਹਾਂ ਵਾਪਸ ਲਗਾਏ ਹਨ। ਇਸੇ ਤਰ੍ਹਾਂ ਟੁੱਕੜੇ-ਟੁੱਕੜੇ ਹੋਏ ਦੰਦ ਦੇ ਵੱਖਰੇ ਵੱਖਰੇ ਟੁੱਕੜੇ ਜੋੜ ਕੇ ਉਸਨੂੰ ਵਾਪਸ ਮੂੰਹ ਵਿੱਚ ਕਾਮਯਾਬੀ ਨਾਲ ਲਗਾਇਆ ਹੈ।

### ਦੰਦਾਂ ਦੇ ਰੰਗਾਂ ਵਾਲੇ ਮਸਾਲੇ (Cosmetic Treatment)


ਦੰਦ ਭਰਨ ਲਈ ਪਹਿਲਾਂ ਚਾਂਦੀ ਦਾ ਪ੍ਰਯੋਗ ਕੀਤਾ ਜਾਂਦਾ ਸੀ, ਪਰ ਇਹ ਕਾਲੀ ਪੈ ਜਾਂਦੀ ਹੈ। ਹੁਣ ਸ਼ੀਸ਼ੇ ਅਤੇ ਪਲਾਸਟਿਕ ਦੇ ਕਈ ਕਿਸਮ ਦੇ ਮਸਾਲੇ ਬਣਾਏ ਗਏ ਹਨ ਜੋ ਕਿ ਮਜ਼ਬੂਤ ਵੀ ਜ਼ਿਆਦਾ ਹਨ ਅਤੇ ਇਨ੍ਹਾਂ ਦਾ ਰੰਗ ਵੀ ਕਾਲਾ ਨਹੀਂ ਪੈਂਦਾ। ਪਹਿਲਾਂ ਤੁਹਾਡੇ ਦੰਦਾਂ ਨਾਲ ਬਿਲਕੁਲ ਮਿਲਦੇ ਰੰਗ ਦਾ ਮਸਾਲਾ ਲੱਭਿਆ ਜਾਂਦਾ ਹੈ। ਇਹ ਮਸਾਲਾ ਭਰਨ ਵੇਲੇ ਨਰਮ ਹੁੰਦਾ ਹੈ, ਪਰ ਇਕ ਖਾਸ ਕਿਸਮ ਦੀ ਟਾਰਚ (Light Beam) ਨਾਲ



ਚਾਂਦੀ ਨਾਲ ਭਰਿਆ ਦੰਦ



ਰੰਗਦਾਰ ਮਸਾਲੇ ਨਾਲ ਭਰਿਆ ਦੰਦ

ਤਿੜਕਿਆ ਦੰਦ : ਇਲਾਜ ਤੋਂ ਪਹਿਲਾਂ ਅਤੇ ਇਲਾਜ ਤੋਂ ਬਾਦ

ਪੱਕਾ ਕੀਤਾ ਜਾਂਦਾ ਹੈ ਅਤੇ ਇਹ ਪੱਥਰ ਵਰਗਾ ਸਖਤ ਹੋ ਜਾਂਦਾ ਹੈ।

ਜੇਕਰ ਦੰਦ ਤਿੜਕ ਜਾਣ ਜਾਂ ਫਿਰ ਇਨ੍ਹਾਂ ਦਾ ਕੰਢਾ ਭੁਰ ਜਾਵੇ ਤਾਂ ਉਹਨਾਂ ਨੂੰ ਇਨ੍ਹਾਂ ਮਸਾਲਿਆਂ ਨਾਲ ਭਰ ਕੇ ਦੂਜੇ ਦੰਦਾਂ ਵਰਗਾ ਕੀਤਾ ਜਾ ਸਕਦਾ ਹੈ।

ਜੇਕਰ ਦੰਦਾਂ ਵਿੱਚ ਬਹੁਤ ਵਿਰਲ ਹੋਵੇ ਤਾਂ ਉਨ੍ਹਾਂ ਨੂੰ ਇਨ੍ਹਾਂ ਮਸਾਲਿਆਂ ਨਾਲ ਚੌੜਾ ਕਰਕੇ ਵਿਰਲਾਂ ਘਟਾਈਆਂ ਜਾ ਸਕਦੀਆਂ ਹਨ।

ਪੰਜਾਬ ਦੇ ਕੁਝ ਇਲਾਕਿਆਂ ਵਿੱਚ ਫਲੂਓਰੀਨ (Fluorine) ਦੀ ਬਹੁਤ ਜ਼ਿਆਦਾ ਮਾਤਰਾ ਹੋਣ ਕਰਕੇ ਦੰਦਾਂ ਉਤੇ ਪੀਲੇ ਧੱਬੇ ਪੈ ਜਾਂਦੇ ਹਨ। ਇਹ ਧੱਬੇ ਕਿਸੇ ਵੀ ਕਿਸਮ ਦੀ ਸਫਾਈ ਜਾਂ ਰਗੜਾਈ ਨਾਲ ਠੀਕ ਨਹੀਂ ਹੁੰਦੇ। ਫਲੂਓਰੀਨ ਜਾਂ ਕੁਝ ਹੋਰ ਕਾਰਣਾਂ ਕਰਕੇ ਜੇਕਰ ਦੰਦਾਂ ਉਤੇ ਪੱਕੇ ਬਦਸ਼ਕਲ ਪੱਕੇ ਦਾਗ ਹੋਣ ਤਾਂ ਇਨ੍ਹਾਂ ਮਸਾਲਿਆਂ ਦੀ ਪਰਤ (Veneer) ਚੜ੍ਹਾ ਕੇ ਉਨ੍ਹਾਂ ਨੂੰ ਲੁਕਾਇਆ ਜਾ ਸਕਦਾ ਹੈ। ਇਹ ਤਹਿ ਪੱਕੀ ਅਤੇ ਕਾਫੀ ਉਮਰ ਤੱਕ ਚਲਣ ਵਾਲੀ ਹੁੰਦੀ ਹੈ ਅਤੇ ਤੁਹਾਡੇ ਦੰਦਾਂ ਨੂੰ ਕਿਸੇ ਕਿਸਮ ਦਾ ਨੁਕਸਾਨ ਨਹੀਂ ਕਰਦੀ।




ਦੰਦਾਂ ਵਿਚਕਾਰ ਵਿਰਲ; ਇਲਾਜ ਤੋਂ ਪਹਿਲਾਂ ਅਤੇ ਇਲਾਜ ਤੋਂ ਬਾਦ੍ਹ

## ਮਸੂੜਿਆਂ ਦੇ ਰੋਗ

ਮਸੂੜਿਆਂ ਵਿੱਚੋਂ ਖ਼ੂਨ ਨਿਕਲਣਾ ਅਤੇ ਦੰਦਾਂ ਦਾ ਕਰੇੜਾ ਜਾਂ ਮਾਸ ਖੋਰਾ ਕਾਫੀ ਆਮ ਰੋਗ ਹਨ। ਦੰਦਾਂ ਦੇ ਆਸ ਪਾਸ ਜਿਹੜਾ ਖਾਣਾ ਫਸ ਜਾਂਦਾ ਹੈ, ਉਸਦੇ ਵਿੱਚ ਕਿਟਾਣੂ



ਦੰਦਾਂ ਦੇ ਕਰੇੜੇ ਨਾਲ ਮਸੂੜਿਆਂ ਚੋਂ ਖੂਨ ਨਿਕਲਣਾ

ਪੈਦਾ ਹੋ ਜਾਂਦੇ ਹਨ। ਮੂੰਹ ਦੇ ਥੁੱਕ ਵਿੱਚ ਵੀ ਕੁਝ ਐਸੇ ਪਦਾਰਥ ਹੁੰਦੇ ਹਨ ਜਿਹੜੇ ਕਿ ਕਿਟਾਣੂਆਂ ਦੀ ਮਦਦ ਨਾਲ ਪੱਥਰੀ ਵਰਗੀ ਸਖ਼ਤ ਪਰਤ ਜਮਾ ਦੇਂਦੇ ਹਨ। ਹੌਲੀ-ਹੌਲੀ ਆਸ ਪਾਸ ਦੇ ਮਸੂੜੇ ਲਾਲ ਹੋ ਜਾਂਦੇ ਹਨ ਅਤੇ ਦੰਦਾਂ ਉਤੇ ਮਸੂੜਿਆਂ ਥੱਲੇ ਇਕ ਪੀਲੇ ਜਾਂ ਹਰੇ ਰੰਗ ਦਾ ਕਰੇੜਾ ਦਿਖਾਈ ਦੇਣ ਲੱਗ ਪੈਂਦਾ ਹੈ। ਜਿਉਂ ਬਿਮਾਰੀ ਵੱਧਦੀ ਹੈ ਤਾਂ ਮਸੂੜਿਆਂ ਵਿੱਚੋਂ ਖੂਨ ਨਿਕਲਣਾ ਸ਼ੁਰੂ ਹੋ ਜਾਂਦਾ ਹੈ। ਫਿਰ ਮਸੂੜੇ ਸੁੱਜ ਜਾਂਦੇ ਹਨ ਅਤੇ ਲਾਲੀ ਚਮਕਣ ਲੱਗ ਪੈਂਦੀ ਹੈ। ਥੋੜ੍ਹਾ ਜਿਹਾ ਦਬਾਣ ਨਾਲ ਮਸੂੜੇ ਦਰਦ ਕਰਦੇ ਹਨ ਅਤੇ ਖੂਨ ਨਿਕਲਦਾ ਹੈ। ਮੂੰਹ ਵਿੱਚੋਂ ਬਦਬੂ ਵੀ ਆਉਂਦੀ ਹੈ। ਹਾਜ਼ਮਾ ਵੀ ਖ਼ਰਾਬ ਹੋ ਸਕਦਾ ਹੈ।

ਜੇਕਰ ਹਾਲੀ ਵੀ ਇਸਦਾ ਇਲਾਜ ਨਾ ਕੀਤਾ ਜਾਵੇ ਤਾਂ ਬਿਮਾਰੀ ਵੱਧਣ ਕਾਰਨ ਪੀਕ ਬਣਨੀ ਸ਼ੁਰੂ ਹੋ ਜਾਂਦੀ ਹੈ। ਹੌਲੀ-ਹੌਲੀ ਦੰਦਾਂ ਦੇ ਆਸ-ਪਾਸ ਦੀ ਹੱਡੀ ਖੁਰ ਜਾਂਦੀ ਹੈ ਅਤੇ ਦੰਦ ਢਿੱਲੇ ਪੈ ਜਾਂਦੇ ਹਨ। ਕਈ ਵਾਰ ਸੁੱਤੇ ਹੋਏ ਮਰੀਜ਼ ਦੇ ਮੂੰਹ ਵਿੱਚ ਪਾਣੀ ਅਤੇ ਪੀਕ ਭਰ ਜਾਂਦੀ ਹੈ ਅਤੇ ਮਰੀਜ਼ ਨੂੰ ਰਾਤੀ ਉਠ ਕੇ ਮੂੰਹ ਸਾਫ ਕਰਨਾ ਪੈਂਦਾ ਹੈ।

ਹੇਠ ਲਿਖੀਆਂ ਨਿਸ਼ਾਨੀਆਂ ਹੋਣ ਤੇ ਕਿਸੇ ਅੱਛੇ ਡਾਕਟਰ ਦੀ ਸਲਾਹ ਜ਼ਰੂਰ ਲਵੋ:

1. ਮਸੂੜਿਆਂ ਦਾ ਸੁੱਜਣਾ
2. ਠੰਡਾ ਤੱਤਾ ਲਗਣਾ
3. ਮੂੰਹ ਵਿਚੋਂ ਬਦਬੂ ਆਉਣੀ
4. ਮਸੂੜਿਆਂ ਦੇ ਥੱਲੇ ਪੀਲੀ ਪਰਤ ਦਾ ਜਮਣਾ
5. ਮਸੂੜਿਆਂ ਵਿੱਚੋਂ ਖੂਨ ਨਿਕਲਣਾ
6. ਮਸੂੜਿਆਂ ਵਿੱਚੋਂ ਪੀਕ ਦਾ ਨਿਕਲਣਾ
7. ਮੂੰਹ ਵਿੱਚ ਛਾਲੇ ਪੈ ਜਾਣੇ

## ਬੱਚਿਆਂ ਦੇ ਦੰਦਾਂ ਦਾ ਗੱਲਣਾ

ਛੋਟੇ ਬੱਚਿਆਂ ਦੇ ਦੰਦ ਚੈਕ ਕਰਾਉਂਦੇ ਰਹਿਣਾ ਬਹੁਤ ਜ਼ਰੂਰੀ ਹੈ। ਕਈ ਵਾਰ ਛੋਟੇ ਬੱਚਿਆਂ ਦੇ ਦੰਦ ਬਹੁਤ ਤੇਜੀ ਨਾਲ ਗਲਨਾ ਸ਼ੁਰੂ ਹੋ ਜਾਂਦੇ ਹਨ। ਅਕਸਰ ਉਤਲੇ ਮੂਹਲੇ ਦੰਦ ਇਸ ਬੀਮਾਰੀ ਦਾ ਜ਼ਿਆਦਾ ਸ਼ਿਕਾਰ ਹੁੰਦੇ ਹਨ। ਇਸ ਨਾਲ ਬੱਚੇ ਦੇ ਹਾਸੇ ਅਤੇ ਬੋਲਣ ਤੇ ਅਸਰ ਪੈਂਦਾ ਹੈ। ਉਸਦੀ ਸ਼ਕਲ ਵਿੱਚ ਵੀ ਤਬਦੀਲੀ ਆ ਜਾਂਦੀ ਹੈ। ਬੱਚੇ ਨੂੰ ਬਹੁਤ



ਦਰਦ ਹੁੰਦਾ ਹੈ ਅਤੇ ਉਹ ਰੋਟੀ ਖਾਣਾ ਜਾਂ ਦੁੱਧ ਪੀਣਾ ਛੱਡ ਦਿੰਦਾ ਹੈ ।

ਬਹੁਤ ਦੇਰ ਤਕ ਦੁੱਧ, ਰਸ, ਸ਼ਰਬਤ ਆਦਿ ਨੂੰ ਮੂੰਹ ਵਿੱਚ ਰੱਖਣਾ ਇਸ ਰੋਗ ਨੂੰ ਲੱਗਣ ਵਿੱਚ ਸਹਾਈ ਹੁੰਦੇ ਹਨ । ਖੰਡ ਉਤੇ ਪਲਣ ਵਾਲੇ ਕਿਟਾਣੂ ਦੰਦਾਂ ਉਤੇ ਹਮਲਾ ਕਰਦੇ ਹਨ ਅਤੇ ਦੰਦਾਂ ਨੂੰ ਗਾਲ ਦਿੰਦੇ ਹਨ । ਜਿਤਨੀ ਦੇਰ ਜ਼ਿਆਦਾ ਅਜਿਹੇ ਪਦਾਰਥਾਂ ਨੂੰ ਬੋਤਲ ਨਾਲ ਜਾਂ ਊਂਝ ਹੀ ਮੂੰਹ ਵਿੱਚ ਰਹਿਣ ਦਿੱਤਾ ਜਾਏ, ਉਤਨਾ ਹੀ ਜ਼ਿਆਦਾ ਨੁਕਸਾਨ ਹੁੰਦਾ ਹੈ । ਇਸੇ ਲਈ ਰੋਂਦੇ ਜਾ ਚੀਕਦੇ ਬੱਚੇ ਨੂੰ ਚੁੱਪ ਕਰਾਉਣ ਲਈ ਬੋਤਲ ਵਿੱਚ ਪਾ ਕੇ ਦੁੱਧ ਜਾਂ ਰਸ ਨਹੀਂ ਦੇਣਾ ਚਾਹੀਦਾ ।

ਕੋਲਾ ਡਰਿੰਕਸ ਅਤੇ ਹੋਰ ਬੋਤਲ ਬੰਦ ਕੋਲਡ ਡਰਿੰਕਸ (Cold Drinks) ਬੱਚਿਆਂ ਦੇ ਦੰਦਾਂ ਲਈ ਬਹੁਤ ਹੀ ਹਾਨੀਕਾਰਕ ਹਨ ।

ਇਨ੍ਹਾਂ ਹਾਲਤਾਂ ਵਿੱਚ ਵੀ ਡਾਕਟਰ ਦੰਦ ਭਰਨ ਦੀ ਕੋਸ਼ਿਸ਼ ਕਰੇਗਾ । ਅੱਜ-ਕੱਲ੍ਹ ਇਕ ਮਸ਼ੀਨ ਆਓਨੋਫੋਰੋਸਿਜ਼ (Ionophorosis) ਯੂਨਿਟ ਵੀ ਮਿਲਦੀ ਹੈ ਜੋ ਦਵਾਈਆਂ ਨੂੰ ਬਿਜਲੀ ਭਰਪੂਰ ਕਰਕੇ ਦੰਦਾਂ ਦੇ ਅੰਦਰ ਤਕ ਲੈ ਜਾਂਦੀ ਹੈ । ਇਨ੍ਹਾਂ ਦਵਾਈਆਂ ਰਾਹੀਂ ਦੰਦਾਂ ਨੂੰ ਫਲੂਓਰਾਈਡਜ਼ (Fluorides) ਮੁਹਇਆ ਕੀਤੇ ਜਾਂਦੇ ਹਨ।

### ਅੰਗੂਠਾ ਚੂਸਣਾ

ਆਮ ਬੱਚਿਆਂ ਨੂੰ ਆਦਤ ਹੁੰਦੀ ਹੈ ਕਿ ਉਹ ਸੋਣ ਵੇਲੇ ਮੂੰਹ ਵਿੱਚ ਅੰਗੂਠਾ ਪਾ ਲੈਂਦੇ ਹਨ । ਕਈ ਵਾਰ ਬੱਚਾ 6-7 ਸਾਲ ਤੋਂ ਵੱਧ ਉਮਰ ਤੱਕ ਵੀ ਅੰਗੂਠਾ ਚੂਸਦਾ ਰਹਿੰਦਾ ਹੈ । ਅਜਿਹੇ ਬੱਚੇ ਦਾ ਇਲਾਜ ਜਰੂਰੀ ਹੈ । ਇਸ ਆਦਤ ਨਾਲ ਬੱਚੇ ਦੇ ਪੱਕੇ ਦੰਦਾਂ ਦੀ ਬੀੜ ਉਚੀ ਹੋ ਜਾਂਦੀ ਹੈ । ਇਸ ਤੋਂ ਇਲਾਵਾ ਬੱਚੇ ਦੇ ਪੇਟ ਵਿੱਚ ਗੈਸ ਬਣਦੀ ਹੈ ਅਤੇ ਕੁਛ ਹੋਰ ਵੀ ਬਿਮਾਰੀਆਂ ਲਗ ਸਕਦੀਆਂ ਹਨ । ਵੱਡੇ ਬੱਚੇ ਵਿਚ ਇਸ ਆਦਤ ਦਾ ਆਮ ਕਾਰਨ ਹੈ ਬੱਚੇ ਦੇ ਮਨ ਵਿੱਚ ਬੈਠੇ ਡਰ । ਜੇਕਰ ਇਨ੍ਹਾਂ ਬੱਚਿਆਂ ਨੂੰ ਆਦਤ ਛੱਡਣ ਲਈ ਸਖਤੀ ਨਾਲ ਮਜਬੂਰ ਕੀਤਾ ਜਾਵੇ ਤਾਂ ਇਨ੍ਹਾਂ ਨੂੰ ਕਈ ਹੋਰ ਮਾਨਸਕ ਰੋਗ ਲੱਗ ਜਾਂਦੇ ਹਨ, ਜਿਵੇਂ ਕਿ



ਬਿਸਤਰਾ ਗਿੱਲਾ ਕਰਨਾ, ਢਿੱਡ ਦਾ ਦਰਦ ਅਤੇ ਪੜ੍ਹਾਈ ਵਿੱਚ ਮਨ ਨਾ ਲੱਗਣਾ ।

ਇਨ੍ਹਾਂ ਬੱਚਿਆਂ ਲਈ ਡਾਕਟਰ ਮੂੰਹ ਵਿੱਚ ਇਕ ਸਾਂਚਾ ਬਣਾ ਕੇ ਲਗਾ ਦਿੰਦੇ ਹਨ ਜਿਸ ਨਾਲ ਅੰਗੂਠਾ ਚੂਸਣਾ ਬੇਸੁਆਦ ਹੋ ਜਾਂਦਾ ਹੈ ਅਤੇ ਇਹ ਆਦਤ ਹੌਲੀ-ਹੌਲੀ ਛੁੱਟ ਜਾਂਦੀ ਹੈ । ਬਾਅਦ ਵਿੱਚ ਇਹ ਸਾਂਚਾ ਉਤਾਰ ਦਿੱਤਾ ਜਾਂਦਾ ਹੈ।

## ਉਚੇ ਜਾਂ ਵਿੰਗੇ ਦੰਦ

ਜਦੋਂ ਦੰਦ ਬਾਹਰ ਨਿਕਲੇ ਹੋਏ ਹੋਣ, ਜਾਂ ਬਹੁਤ ਅੰਦਰ ਵੱਲ ਹੋਣ, ਜਾਂ ਉਨ੍ਹਾਂ ਵਿੱਚ ਵਿਰਲ ਬਹੁਤ ਜਿਆਦਾ ਹੋਵੇ, ਜਾਂ ਉਹ ਅੱਗੜ ਪਿੱਛੜ ਹੋਣ ਤਾਂ ਉਹ ਬਹੁਤ ਬੁਰੇ ਲੱਗਦੇ ਹਨ । ਅਜਿਹੇ ਦੰਦਾਂ ਨੂੰ ਸਾਫ ਰੱਖਣਾ ਮੁਸ਼ਕਲ ਹੁੰਦਾ ਹੈ । ਉਹ ਸੜਨ ਦੇ ਸ਼ਿਕਾਰ ਹੋ ਜਾਂਦੇ ਹਨ, ਜਾਂ ਜਲਦੀ ਘਿਸ ਜਾਂਦੇ ਹਨ । ਕਈ ਕਿਸਮ ਦੀਆਂ ਸਿਰ ਦੀਆਂ ਦਰਦਾਂ ਜਾਂ ਚਿਹਰੇ ਦੇ ਵੱਟ ਅਜਿਹੀ ਹਾਲਤ ਕਰਕੇ ਹੀ ਹੁੰਦੇ ਹਨ ।

ਅਜਿਹੇ ਦੰਦਾਂ ਦਾ ਹੁਣ ਪੂਰਾ ਇਲਾਜ ਔਰਥੋਡੌਂਟਿਕ(Orthodontic)

### ਵਿੰਗੇ ਉਚੇ ਦੰਦ ਤਾਰਾਂ ਨਾਲ ਠੀਕ ਕੀਤੇ ਜਾਂਦੇ ਹਨ




ਇਲਾਜ ਤੋਂ ਪਹਿਲਾਂ




ਇਲਾਜ ਤੋਂ ਬਾਦ

ਤਰੀਕੇ ਨਾਲ ਹੋ ਸਕਦਾ ਹੈ । ਇਲਾਜ ਸ਼ੁਰੂ ਕਰਵਾਉਣ ਤੋਂ ਪਹਿਲਾਂ ਡਾਕਟਰ ਬਾਰੇ ਪੂਰੀ ਜਾਣਕਾਰੀ ਹਾਸਲ ਕਰ ਲੈਣੀ ਚਾਹੀਦੀ ਹੈ । ਅਯੋਗ ਡਾਕਟਰ ਤੋਂ ਇਲਾਜ ਕਰਾਉਣ ਨਾਲ

ਕਈ ਵਾਰੀ ਥੋੜ੍ਹੀ ਦੇਰ ਤੱਕ ਦੰਦ ਠੀਕ ਤਾਂ ਦਿਖਾਈ ਦਿੰਦੇ ਹਨ, ਪਰ ਬਾਅਦ ਵਿੱਚ ਉਹ ਢਿੱਲੇ ਪੈ ਜਾਂਦੇ ਹਨ ਜਾਂ ਦੁਬਾਰਾ ਬੇਤਰਤੀਬ ਹੋ ਜਾਂਦੇ ਹਨ । ਅਕਸਰ ਉਹ ਸ਼ਕਲ ਠੀਕ ਕਰਨ ਦੀ ਬਜਾਏ ਵਿਗਾੜ ਦੇਂਦੇ ਹਨ।


ਜਦੋਂ ਵੀ ਤੁਸੀਂ ਦੇਖੋ ਕਿ ਬੱਚੇ ਦੇ ਦੰਦ ਉਚੇ ਹੋ ਰਹੇ ਹਨ ਜਾਂ ਅੱਗੜ ਪਿੱਛੜ ਆ ਰਹੇ ਹਨ ਤਾਂ ਡਾਕਟਰ ਕੋਲ ਜਾਣਾ ਚਾਹੀਦਾ ਹੈ । ਆਮ ਤੌਰ ਤੇ ਇਹ ਇਲਾਜ 12-13 ਸਾਲ ਦੀ ਉਮਰ ਵਿੱਚ ਸ਼ੁਰੂ ਹੋ ਜਾਂਦਾ ਹੈ ਅਤੇ 18 ਸਾਲ ਤੱਕ ਆਸਾਨੀ ਨਾਲ ਹੋ ਸਕਦਾ ਹੈ । ਪਰ ਛੋਟੀ ਅਤੇ ਵਡੇਰੀ ਉਮਰ ਕੋਈ ਪੱਕੀ ਰੋਕ ਨਹੀਂ। ਲੇਖਿਕਾ ਨੇ ਕਈ ਵਿਆਹੀਆਂ ਅਤੇ ਬੱਚਿਆਂ ਦੀਆਂ ਮਾਵਾਂ ਦਾ ਵੀ ਤਸੱਲੀਬਖਸ਼ ਇਲਾਜ ਕੀਤਾ ਹੈ ।

## ਰੂਟ ਕੈਨਾਲ ਟ੍ਰੀਟਮੈਂਟ (R.C.T.)

ਰੂਟ ਕੈਨਾਲ ਟ੍ਰੀਟਮੈਂਟ ਦਾ ਮਤਲਬ ਹੈ ਦੰਦ ਦੀਆਂ ਜੜ੍ਹਾਂ ਦੀਆਂ ਨਾਲੀਆਂ ਦੀ ਸੋਧੀ । ਇਹ ਉਦੋਂ ਕੀਤਾ ਜਾਂਦਾ ਹੈ ਜੱਦ ਦੰਦ ਉਤੇ ਜਬੜੇ ਦੇ ਅੰਦਰ ਵਾਲੇ ਹਿੱਸੇ ਤੇ ਕੋਈ ਫੋੜਾ ਬਣ ਜਾਵੇ, ਜਾਂ ਮਰੀਜ਼ ਨੂੰ ਚੋਟ ਲੱਗਣ ਕਾਰਣ ਦੰਦਾਂ ਤੇ ਠੰਢਾ-ਗਰਮ ਲਗਦਾ ਹੋਵੇ, ਅਤੇ ਜਦੋਂ ਦੰਦਾਂ ਦਾ ਕੋਈ ਹੋਰ ਇਲਾਜ ਅਸੰਭਵ ਹੋਵੇ ।

ਦੰਦ ਵਾਲੀ ਜਗ੍ਹਾ ਨੂੰ ਸੁੰਨ ਕਰਕੇ ਦੰਦ ਵਿੱਚ ਇਕ ਸੁਰਾਖ ਕੀਤਾ ਜਾਂਦਾ ਹੈ ਅਤੇ ਦੰਦ ਦੇ ਗੁਦੇ (Pulp) ਨੂੰ ਬਾਹਰ ਕੱਢ ਦਿੱਤਾ ਜਾਂਦਾ ਹੈ । ਫਿਰ ਦੰਦ ਦੇ ਅੰਦਰਲੇ ਹਿੱਸੇ

ਅਰੋਗੀ ਦੰਦ ਅੰਦਰੋਂ ਸੜਿਆ ਦੰਦ




ਅਜਿਹਾ ਅੰਦਰੋਂ ਸੜਿਆ ਦੰਦ ਰੂਟ ਕੈਨਾਲ ਟ੍ਰੀਟਮੈਂਟ ਨਾਲ ਠੀਕ ਕੀਤਾ ਜਾਂਦਾ ਹੈ

(Root Canal) ਨੂੰ ਚੰਗੀ ਤਰਾਂ ਸਾਫ ਕਰਕੇ ਦਵਾਈ ਨਾਲ ਭਰ ਦਿੱਤਾ ਜਾਂਦਾ ਹੈ । ਜਦੋਂ ਦੰਦ ਕਿਟਾਣੂ ਰਹਿਤ ਹੋ ਜਾਵੇ ਤਾਂ ਇਕ ਰਬੜ ਵਰਗੀ ਭਰਤ (Gutta-percha Filling) ਨਾਲ ਭਰ ਦਿੱਤਾ ਜਾਂਦਾ ਹੈ । ਆਰ.ਸੀ.ਟੀ. ਵਾਲੇ ਦੰਦ ਦੇ ਉਪਰ ਟੋਪੀ (Crown) ਲਗਵਾਣਾ ਅਕਸਰ ਚੰਗਾ ਹੁੰਦਾ ਹੈ ਅਤੇ ਕਈ ਹਾਲਤਾਂ ਵਿੱਚ ਜ਼ਰੂਰੀ ਵੀ।


### ਅਕੱਲ ਜਾੜ੍ਹ (Wisdom Tooth)

ਜਬਾੜ੍ਹੇ ਦੀ ਅਖੀਰਲੀ ਜਾੜ੍ਹ ਨੂੰ ਅਕਲ ਜਾੜ੍ਹ (3rd Molar) ਕਹਿੰਦੇ ਹਨ। ਇਹ ਗਿਣਤੀ ਵਿੱਚ ਚਾਰ ਹੁੰਦੀਆ ਹਨ। ਪਰ ਹਰ ਕਿਸੇ ਦੇ ਮੂੰਹ ਵਿਚ ਚਾਰੇ ਅਕਲ ਜਾੜ੍ਹਾਂ ਨਹੀ ਆਉਂਦੀਆਂ। ਕਇਆ ਦੇ ਮੂੰਹ ਵਿਚ ਇਕ, ਦੋ ਜਾਂ ਫਿਰ ਤਿਨ ਹੁੰਦਿਆਂ ਹਨ। ਕਈ ਵਾਰੀ ਇਹ ਬੁਢਾਪੇ ਵਿਚ ਆਉਂਦੀਆਂ ਹਨ। ਜਦੋ ਇਹ ਮੂੰਹ ਵਿੱਚ ਨਹੀ ਆਉਂਦੀਆਂ ਤਾਂ ਇਹਨਾ ਨੂੰ ਇਮਪੈਕਟਿਡ (Impacted) ਕਿਹਾ ਜਾਂਦਾ ਹੈ। ਇਹ ਤਕਰੀਬਨ 17 ਤੋਂ 21 ਸਾਲ ਦੀ ਉਮਰ ਵਿੱਚ ਆਉਂਦੀਆਂ ਹਨ, ਇਸ ਲਈ ਇਹਨਾ ਨੂੰ ਅਕੱਲ ਜਾੜ੍ਹਾਂ ਕਿਹਾ ਜਾਂਦਾ ਹੈ।



ਅਕੱਲ ਜਾੜ੍ਹਾਂ ਟੇਢੀਆਂ ਤੇ ਛੋਟੀਆਂ ਹੁੰਦੀਆਂ ਹਨ ਅਤੇ ਖਾਣ ਦੇ ਕੰਮ ਨਹੀਂ ਆਉਂਦੀਆਂ। ਜੇ ਇਕ ਅਕੱਲ ਜਾੜ੍ਹ ਇਮਪੇਕਟਿਡ ਹੋਵੇ ਤਾਂ ਬਹੁਤ ਜਿਆਦਾ ਪ੍ਰੇਸ਼ਾਨ ਕਰਦੀ ਹੈ। ਸਿਰ ਦਰਦ, ਕਨ ਦਰਦ, ਗੱਲਾਂ ਦਰਦ ਤੇ ਬੁਖਾਰ ਵੀ ਹੋ ਸਕਦਾ ਹੈ। ਇਹਨਾ ਹਲਾਤਾਂ ਵਿਚ ਇਸ ਨੂੰ ਕਢਾਣਾ ਹੀ ਬੇਹਤਰ ਹੈ।

### ਦੰਦ ਕਰੀਚਣਾ



- ✦ ਕੀ ਤੁਹਾਡੇ ਜਬਾੜ੍ਹੇ ਅਤੇ ਸਿਰ ਵਿਚ ਸਵੇਰੇ-ਸਵੇਰੇ ਦਰਦ ਹੁੰਦੀ ਹੈ ?
- ✦ ਕੀ ਤੁਹਾਡੇ ਨਾਲ ਸੋਣ ਵਾਲਾ ਵਿਅਕਤੀ ਕਹਿੰਦਾ ਹੈ ਕਿ ਤੁਸੀ ਉਸਨੂੰ ਸਾਰੀ ਰਾਤ ਸੋਣ ਨਹੀਂ ਦਿਤਾ ?
- ✦ ਕੀ ਤੁਹਾਡੇ ਦੰਦ ਠੰਡੀ-ਗਰਮ ਖੁਰਾਕ ਜਾਂ ਪਾਣੀ ਨਹੀਂ ਸਹਿੰਦੇ ?

ਜੇ ਇਹ ਗੱਲ ਹੈ ਤਾਂ ਤੁਸੀਂ ਉਹਨਾ ਲੱਖਾਂ ਵਿਚੋਂ ਇਕ ਹੋ ਜੋ ਕਿ ਦੰਦ ਕਰੀਚਣ ਦੀ ਬਿਮਾਰੀ ਦਾ ਸ਼ਕਾਰ ਹਨ। ਕਈ ਲੋਕ ਦਿਨ ਵੇਲੇ ਵੀ ਦੰਦ ਕਰੀਚਦੇ ਹਨ, ਪਰ ਬਹੁਤੇ ਸਿਰਫ ਰਾਤੀਂ ਸੁੱਤੇ ਪਏ ਹੀ। ਇਹਨਾਂ ਮਰੀਜਾਂ ਦੇ ਦੰਦ ਉਮਰ ਤੋਂ ਪਹਿਲਾਂ ਹੀ ਘਿੱਸ ਜਾਂਦੇ ਹਨ।

ਦਮਾਗੀ ਪ੍ਰੇਸ਼ਾਨੀ ਤੇ ਕਾਲ੍ਹੇ ਸੁਭਾ ਵਾਲੇ ਲੋਕਾਂ ਨੂੰ ਇਹ ਆਦਤ ਜਿਆਦਾ ਹੁੰਦੀ

ਹੈ । ਜੇ ਤੁਹਾਨੂੰ ਇਹ ਆਦਤ ਹੈ ਤਾਂ ਦੰਦਾ ਦੇ ਡਾਕਟਰ ਤੁਹਾਡੇ ਲਈ ਇਕ ਸਾਂਚਾ ਬਨਾਉਣ ਗੇ ਜੋ ਤੁਸੀਂ ਰਾਤ ਵੇਲੇ ਪਾਣਾ ਹੁੰਦਾ ਹੈ। ਇਹ ਤੁਹਾਡੇ ਦੰਦਾ ਦੀ ਹਿਫਾਜ਼ਤ ਕਰਦਾ ਹੈ ਅਤੇ ਦੰਦਾ ਨੂੰ ਘਿਸਣ ਤੋਂ ਬਚਾਉਂਦਾਂ ਹੈ।

### ਮੂੰਹ ਦਾ ਸੁੱਕਣਾ

ਮੂੰਹ ਵਿੱਚ ਥੁੱਕ ਦਾ ਘੱਟ ਬਣਨਾ ਇੱਕ ਬਿਮਾਰੀ ਹੈ । ਇਸ ਦੇ ਕਈ ਕਾਰਣ ਹਨ, ਜਿਵੇਂ ਕੀ : ਵਧਦੀ ਉਮਰ, ਬਲੱਡ ਪ੍ਰੈਸ਼ਰ ਦੀਆਂ ਦਵਾਈਆਂ ਦੇ ਬੁਰੇ ਪ੍ਰਭਾਵ । ਸ਼ੁਗਰ ਦੀ ਬਿਮਾਰੀ ਅਤੇ ਪਾਰਕਿਨਸਿਨਇਜ਼ਮ (ਹੱਥ ਕਾਂਬਾ) ਵਾਲਿਆਂ ਨੂੰ ਮੂੰਹ ਸੁਕਣ ਦੀ ਸ਼ਿਕਾਇਤ ਅਕਸਰ ਹੁੰਦੀ ਹੈ । ਮੂੰਹ ਸੁੱਕਣ ਦੇ ਨਾਲ ਹੋਠਾਂ ਦਾ ਫਟਣਾ, ਮੂੰਹ ਵਿਚ ਛਾਲੇ ਪੈਣੇ, ਜਲਣ ਹੋਣੀ ਅਤੇ ਚਬਾਉਣ ਵਿੱਚ ਔਕੜ ਵੀ ਆ ਸਕਦੀ ਹੈ । ਜੇ ਸਮੇਂ ਸਿਰ ਇਲਾਜ ਨਾ ਹੋਵੇ ਤਾਂ ਮਸੂੜੇ ਖਰਾਬ ਹੋ ਜਾਂਦੇ ਹਨ ਅਤੇ ਹੱਡੀ ਗੱਲ ਜਾਂਦੀ ਹੈ ।

### ਦੰਦਾਂ ਦੇ ਬਾਰੇ ਵਹਿਮ ਅਤੇ ਸ਼ੰਕੇ

1. **ਦੰਦਾਂ ਦਾ ਕੀੜਾ :** ਦੰਦਾ ਦਾ ਕੋਈ ਚਲਦਾ ਫਿਰਦਾ ਕੀੜਾ ਨਹੀਂ ਹੁੰਦਾ । ਕਿਟਾਣੂ ਦੰਦ ਨੂੰ ਅੰਦਰੋਂ ਖਾ ਜਾਂਦੇ ਹਨ । ਇਸਨੂੰ ਆਮ ਲੋਕ ਦੰਦਾਂ ਦਾ ਕੀੜਾ ਕਹਿੰਦੇ ਹਨ ।
2. **ਦੰਦਾਂ ਦੀ ਸਫਾਈ ਨਾਲ ਦੰਦਾਂ ਦਾ ਕਮਜ਼ੋਰ ਹੋਣਾ :** ਦੰਦਾਂ ਅਤੇ ਮਸੂੜਿਆਂ ਦੀ ਸਫਾਈ ਨਾਲ ਦੰਦ ਕਮਜ਼ੋਰ ਨਹੀਂ ਹੁੰਦੇ । ਸਗੋਂ ਮਸੂੜੇ ਅਤੇ ਦੰਦਾਂ ਵਿੱਚ ਜੋ ਗੰਦ (ਕਰੇੜਾ) ਫਸਿਆ ਰਹਿੰਦਾ ਹੈ ਉਸਨੂੰ ਕੱਢਣ ਨਾਲ ਦੰਦ ਅਤੇ ਮਸੂੜੇ ਤੰਦਰੁਸਤ ਹੋ ਜਾਂਦੇ ਹਨ । ਕਰੇੜਾ ਉਤਰਵਾਣਾ ਉਤਨਾ ਹੀ ਜ਼ਰੂਰੀ ਹੈ ਜਿਤਨਾ ਕਿ ਪੈਰ ਵਿੱਚੋਂ ਕੰਡਾ ਕੱਢਣਾ।
3. **ਜੇ ਉਤਲਾ ਦੰਦ ਕੱਢ ਦਿੱਤਾ ਜਾਵੇ ਤਾਂ ਅੱਖ ਕਮਜ਼ੋਰ ਹੋ ਜਾਂਦੀ ਹੈ:** ਇਹ ਵੀ ਗਲਤ ਖਿਆਲ ਹੈ । ਜਿਹੜਾ ਵੀ ਨਰਮ ਹਿੱਸਾ ਦੰਦਾਂ ਦੇ ਨੇੜੇ ਹੋਵੇਗਾ ਉਸ ਵਿੱਚ ਕੁਝ ਦੇਰ ਸੋਜ ਹੋ ਜਾਂਦੀ ਹੈ । ਪਰ ਇਸਦਾ ਇਹ ਮਤਲਬ ਨਹੀਂ ਕਿ ਉਸ ਹਿੱਸੇ ਨੂੰ ਨੁਕਸਾਨ ਹੋਵੇਗਾ
4. **ਇੱਕਾ-ਦੁੱਕਾ ਦੰਦ ਕਢਾਉਣ ਤੇ ਸਾਰੇ ਦੰਦ ਕਢਵਾਉਣੇ ਪੈਂਦੇ ਹਨ:** ਇਹ ਵੀ ਗਲਤ ਵੀਚਾਰ ਹੈ । ਬਹੁਤ ਖਰਾਬ ਦੰਦ ਕਢਵਾ ਕੇ ਉਸ ਜਗ੍ਹਾ ਨਵਾਂ ਦੰਦ ਲਗਵਾ ਲੈਣਾ ਚਾਹੀਦਾ ਹੈ ਪਰ ਸੜੇ ਗਲੇ ਦੰਦਾਂ ਨੂੰ ਕਢਵਾਉਣ ਦੀ ਬਜਾਏ ਠੀਕ ਕਰਵਾ ਲੈਣਾ ਕਿਤੇ ਬੇਹਤਰ ਹੈ ।


*** ਕੀ ਤੁਸੀਂ ਸਿਗਰਟ ਪੀਣ ਲਤ ਤੋ ਛੁਟਕਾਰ ਪਾਉਣਾ ਚਾਹੁੰਦੇ ਹੋ ?**

*** ਕੀ ਤੁਸੀਂ ਸੋਣ ਤੇ ਘਰਾਟੇ ਮਾਰਦੇ ਹੋ ?**

*** ਇਨਾਂ ਵਿਸ਼ਿਆਂ ਦੇ ਬਾਰੇ ਜਾਣਕਾਰੀ ਅਤੇ ਇਲਾਜ ਲਈ**

**ਡਾ. ਬਿੰਦਰਾ ਨਾਲ ਸੰਪਰਕ ਕਰੋ ।**